# ਪੰਜਾਬ ਸਰਕਾਰ ਸਿੱਖਿਆ ਵਿਭਾਗ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ,
ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ.), ਪੰਜਾਬ,
ਸਮੂਹ ਸਕੂਲ ਮੁੱਖੀ, ਸਰਕਾਰੀ ਸਕੂਲ ਪੰਜਾਬ,
ਸਮੂਹ ਬੀ.ਪੀ.ਈ.ਓ., ਪੰਜਾਬ

ਮੀਮੋ ਨੰ. 15/55-2019ਕੋ.ਸੈਲ.(1)/12156। ਮਿਤੀ: 28-05-2020

ਵਿਸ਼ਾ: ਮੈਡੀਕਲ ਬਿੱਲ (Medical Bill) online ਕਰਨ ਸਬੰਧੀ।

1.0 ਸਕੂਲ ਅਧਿਆਪਕਾਂ ਅਤੇ ਕਰਮਚਾਰੀਆਂ ਵੱਲੋਂ ਮੈਡੀਕਲ ਬਿੱਲਾਂ ਦੀ ਪ੍ਰਤੀ ਪੂਰਤੀ ਦੀ ਪ੍ਰਵਾਨਗੀ ਲਈ ਅਰਜ਼ੀਆਂ ਸਕੂਲ ਮੁੱਖੀਆਂ/ਜਿਲ੍ਹਾ ਸਿੱਖਿਆ ਅਫਸਰ ਅਤੇ ਮੁੱਖ ਦਫਤਰ ਵਿਖੇ ਦਿੱਤੀਆਂ ਜਾਂਦੀਆਂ ਹਨ। ਇਸ ਪ੍ਰਕਿਰਿਆ ਵਿੱਚ ਸਕੂਲ ਅਧਿਆਪਕਾਂ ਦਾ ਕਾਫੀ ਸਮਾਂ ਬਰਬਾਦ ਹੁੰਦਾ ਸੀ ਅਤੇ ਇਸ ਕਾਗਜ਼ੀ ਕਾਰਵਾਈ ਲਈ ਕਾਫੀ ਸਮਾਂ ਲੱਗ ਜਾਂਦਾ ਸੀ। ਅਧਿਆਪਕਾਂ ਦੀਆਂ ਅਜਿਹੀਆਂ ਸਮੱਸਿਆਵਾਂ ਨੂੰ ਮੁੱਖ ਰੱਖਦੇ ਹੋਏ ਸਿੱਖਿਆ ਵਿਭਾਗ ਪੰਜਾਬ ਵੱਲੋਂ ਈ-ਪੰਜਾਬ ਸਕੂਲ ਪੋਰਟਲ ਉੱਤੇ ਮੈਡੀਕਲ ਬਿੱਲਾਂ ਦੇ ਕਲੇਮਾਂ ਨੂੰ ਆਨਲਾਈਨ ਕਰਨ ਲਈ ਇੱਕ ਨਵਾਂ ਸਾਫਟਵੇਅਰ ਤਿਆਰ ਕੀਤਾ ਗਿਆ ਹੈ। ਇਸ ਸਾਫਟਵੇਅਰ ਦੀ ਮਦਦ ਨਾਲ ਹੁਣ ਅਧਿਆਪਕ ਆਪਣੇ ਮੈਡੀਕਲ ਬਿੱਲਾਂ ਨੂੰ ਆਨਲਾਈਨ ਈ-ਪੰਜਾਬ ਸਕੂਲ ਪੋਰਟਲ ਉੱਤੇ ਆਪਣੇ ਨਿੱਜੀ ਅਕਾਊਂਟ ਵਿੱਚੋਂ ਅਪਲਾਈ ਕਰ ਸਕਣਗੇ।

2.0 ਉਪਰੋਕਤ ਮੈਡੀਕਲ ਬਿੱਲਾਂ ਨੂੰ ਅਪਲਾਈ ਕਰਨ ਵਿੱਚ ਜੇਕਰ ਕਿਸੇ ਕਿਸਮ ਦੀ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਅਧਿਆਪਕ ਆਪਣੇ ਜਿਲ੍ਹੇ ਦੇ ਸਬੰਧਿਤ ਜਿਲ੍ਹਾ ਐਮ.ਆਈ.ਐਸ. ਵਿੰਗ ਦੇ ਕੋ-ਆਰਡੀਨੇਟਰ ਨਾਲ ਸੰਪਰਕ ਕਰ ਸਕਦੇ ਹਨ। ਜਿਨ੍ਹਾਂ ਦੇ ਮੋਬਾਈਲ ਨੰਬਰ ਈ-ਪੰਜਾਬ ਸਕੂਲ ਪੋਰਟਲ ਉੱਤੇ ਉਪਲੱਬਧ ਹਨ।

3.0 ਇਸ ਸਬੰਧੀ ਸਕੂਲ ਡੀ.ਡੀ.ਓਜ਼, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਜਿਲ੍ਹਾ ਸਿੱਖਿਆ ਅਫਸਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਵੀ ਇਸ ਸਿਸਟਮ ਨੂੰ ਆਪਣੇ ਸਕੂਲ ਜਾਂ ਦਫਤਰ ਦੇ ਈ-ਪੰਜਾਬ ਸਕੂਲ ਪੋਰਟਲ 'ਤੇ ਲਾਗਇੰਨ ਆਈ.ਡੀ. ਵਿੱਚ ਜਾ ਕੇ ਚੰਗੀ ਤਰ੍ਹਾਂ ਸਮਝ ਲੈਣ ਅਤੇ ਅਧਿਆਪਕਾਂ ਵੱਲੋਂ ਅਪਲਾਈ ਕੀਤੇ ਜਾਣ ਵਾਲੇ ਮੈਡੀਕਲ ਬਿੱਲਾਂ ਦੀਆਂ ਅਰਜ਼ੀਆਂ ਉੱਤੇ ਰੋਜ਼ਾਨਾ ਕਾਰਵਾਈ ਕਰਨ ਅਤੇ ਕਿਸੇ ਵੀ ਪੱਧਰ ਉੱਤੇ ਕੋਈ ਅਰਜ਼ੀ ਲੰਬਿਤ ਨਾ ਰਹੇ।

4.0 ਮੈਡੀਕਲ ਬਿੱਲਾਂ ਦੇ ਕਲੇਮਾਂ ਨੂੰ ਅਪਲਾਈ ਕਰਨ ਸਬੰਧੀ ਹਦਾਇਤਾਂ/ਗਾਈਡਲਾਈਨਜ਼ ਨਾਲ ਨੱਥੀ ਹਨ।

ਨੱਥੀ : ਪੰਨਾ-1

ਸਕੱਤਰ ਸਕੂਲ ਸਿੱਖਿਆ, ਪੰਜਾਬ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ
2. ਡੀ.ਪੀ.ਆਈ. (ਸੈ.ਸਿ.) ਪੰਜਾਬ
3. ਡੀ.ਪੀ.ਆਈ. (ਐ.ਸਿ.) ਪੰਜਾਬ
4. ਸੁਪਰਡੰਟ, ਸਿੱਖਿਆ-6 ਸ਼ਾਖਾ

ਸਕੱਤਰ ਸਕੂਲ ਸਿੱਖਿਆ, ਪੰਜਾਬ

Scanned with CamScanner

Guidelines to submit Medical Bill Online on ePunjabSchool Portal

1) Teachers can login to their ePunjabSchool **Staff Login**
2) Click on "Apply" menu, then "Medical Bill"
3) Fill the desired columns
4) Uploaded documents as follows :-
   - Sanction issued by Health Department
   - Self Declaration.
5) Click on "Submit" button to submit the bill.

Once submitted by the employee, the bill will go to concerned DDO login for verification of facts. Once submitted by the DDO, the bill will be forwarded to Concerned Head Office Directorate for further necessary action.

Scanned with CamScanner